ਦਫਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸਦ, ਪੰਜਾਬ
ਬਲਾਕ ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਮ, ਫੇਜ - 8 ਮੋਹਾਲੀ
ਫੋਨ ਨੰ: 0172-2212221, ਫੈਕਸ ਨੰ: 0172-2212793

ਵੱਲ,

ਸਮੂਹ ਪ੍ਰਿੰਸੀਪਲਜ
ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ
ਪੰਜਾਬ।

4230
9/11/17

ਮੀਮੋ ਨੰ: 10/1-2017 (ਸਾਂਝੀ)
ਮਿਤੀ : ਐਸ.ਏ.ਐਸ. ਨਗਰ 2/11/2017

ਵਿਸਾ: Untrained in-service elementary teachers ਲਈ NIOS ਵੱਲੋਂ D.EL.ED ਕੋਰਸ ਕਰਵਾਉਣ ਸਬੰਧੀ PCP (Personal contact programme) ਲਗਾਉਣ ਲਈ ਸਟੱਡੀ ਸੈਂਟਰ ਅਤੇ Exam centre ਬਣਾਉਣ ਸਬੰਧੀ।

ਉਪਰੋਕਤ ਵਿਸੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ D.EL.ED ਦੇ ਕੋਰਸ ਲਈ 12 ਦਿਨਾਂ ਦਾ PCP ਨਵੰਬਰ - ਦਸੰਬਰ 2017 ਵਿੱਚ ਕਰਵਾਇਆ ਜਾਣਾ ਹੈ। ਇਸ ਸਬੰਧੀ ਪੰਜਾਬ ਰਾਜ ਦੇ ਸਮੂਹ ਜਿਲ੍ਹਿਆਂ ਵਿੱਚ ਸਟੱਡੀ ਸੈਂਟਰ ਬਣਾਏ ਜਾਣੇ ਹਨ। ਉਮੀਦਵਾਰਾਂ ਦੀ ਗਿਣਤੀ ਅਨੁਸਾਰ ਹਰ ਇੱਕ ਜਿਲ੍ਹੇ ਵਿੱਚ ਸਟੱਡੀ ਸੈਂਟਰ ਦੀ ਗਿਣਤੀ Annexure I (ਨਾਲ ਨੱਥੀ) ਵਿੱਚ ਦਰਸਾਈ ਗਈ ਹੈ। Annexure II, III (ਨਾਲ ਨੱਥੀ) ਵਿੱਚ PCP ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਟਾਫ ਦੀ ਮੁੰਕਮਲ ਡਿਟੇਲ ਬਾਰੇ ਦਰਸਾਇਆ ਗਿਆ ਹੈ। Annexure IV (ਨਾਲ ਨੱਥੀ) Remuneration of the functionaries ਨਾਲ ਸਬੰਧਤ ਹੈ।

ਇਸ ਸਬੰਧੀ ਹਦਾਇਤ ਕੀਤੀ ਜਾਂਦੀ ਹੈ ਕਿ ਜਿੱਥੇ ਵੀ ਸਟੱਡੀ ਸੈਂਟਰ ਬਣਾਇਆ ਜਾਵੇ ਉਸ ਸੰਸਥਾ ਵੱਲੋਂ NIOS ਵੱਲੋਂ ਨਿਰਧਾਰਿਤ **Accreditation form** Annexure V ( ਨਾਲ ਨੱਥੀ) ਵੀ ਮੁਕੰਮਲ ਤੌਰ ਤੇ ਭਰਵਾ ਲਿਆ ਜਾਵੇ। **Accreditation form ਅਤੇ PCP ਕੰਡਕਟ ਕਰਵਾਉਣ ਲਈ ਸਟਾਫ ਦੀ ਮੁਕੰਮਲ ਡਿਟੇਲ Annexure VI (ਨਾਲ ਨੱਥੀ ) ਭਰ ਕੇ ਹਰ ਹਾਲਤ ਵਿੱਚ ਸਹੀ ਕਰਤਾ ਦੇ ਦਫਤਰ ਵਿਖੇ ਮਿਤੀ 13-11-2017 ਤੱਕ ਪੁੱਜਦੀ ਕੀਤੀ ਜਾਵੇ ਤਾਂ ਜੋ ਇਹ ਸਾਰੀ ਸੂਚਨਾ ਸਮੇਂ ਸਿਰ NIOS New Delhi ਨੂੰ ਸਮੇਂ ਸਿਰ ਭੇਜੀ ਜਾ ਸਕੇ।**

ਇੱਥੇ ਇਹ ਵੀ ਦੱਸਣਾ ਉਚਿਤ ਹੋਵੇਗਾ ਕਿ ਸੈਲਫ ਫਾਇਨਾਂਸਡ D.EL.ED ਕਾਲਜਾਂ ਨੂੰ ਸਟੱਡੀ ਸੈਂਟਰ ਬਣਾਉਣ ਲਈ ਵੀ ਇਸ ਵਿੱਚ ਸਾਮਲ ਕਰ ਲਿਆ ਜਾਵੇ ਕਿਉਂਕਿ ਇਨ੍ਹਾਂ ਕੋਲ ਇਸ ਕੋਰਸ ਸਬੰਧੀ ਸਾਰਾ ਇਨਫਰਾਸਟਰਕਚਰ ਪਹਿਲਾਂ ਹੀ ਮੌਜੂਦ ਹੁੰਦਾ ਹੈ। **Study centres ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ** ਵਿੱਚ ਵੀ ਬਣਾਏ ਜਾ ਸਕਦੇ ਹਨ।

ਇਸ ਸਬੰਧੀ ਸੂਚਨਾ ਹਰ ਹਾਲਤ ਵਿੱਚ ਮਿਤੀ 13-11-2017 ਤੱਕ ਇਸ ਦਫਤਰ ਵਿਖੇ ਪਹੁੰਚਾਉਣ ਦੀ ਜਿੰਮੇਵਾਰੀ ਆਪ ਜੀ ਦੀ ਹੋਵੇਗੀ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

ਡਾਇਰੈਕਟਰ
ਐਸ ਸੀ ਈ ਆਰ ਟੀ ਪੰਜਾਬ 2/11/17

ਦਫਤਰ ਜਿ. ਸਿ. ਸਿੱਖਿਆ ਅਫਸਰ (ਐ. ਸਿ.) ਅੰਮ੍ਰਿਤਸਰ।
ਪੰਡਾਂਕ ਈ-5/2017-1264 ਮਿਤੀ ਅੰਮ੍ਰਿਤਸਰ 13/11/17
ਉਪਰੋਕਤ ਦਾ ਉਤਾਰਾ ਪ੍ਰਿੰਸੀਪਲ ਡਾਈਟ ਵੇਰਕਾ (ਅੰਮ੍ਰਿਤਸਰ) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਸਬੰਧੀ ਤੁਰੰਤ ਕਾਰਵਾਈ ਕਰਕੇ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।